20 ਜਨਵਰੀ, 2010

ਸਾਈਮਨ ਫਰੇਜ਼ਰ ਯੂਨੀਵਰਸਿਟੀ
ਪਬਲਿਕ ਅਫੇਅਰਜ਼/ਮੀਡੀਆ ਰਿਲੇਸ਼ਨਜ਼ (ਪੀ ਏ ਐੱਮ ਆਰ)
778.782.3210 www.sfu.ca/pamr

ਸੰਪਰਕ:
ਐਂਡਰੀਊ ਪੀਟਰ: apetter@uvic.ca, 1.250.721.8183
ਡੌਨ ਮੈਕਲੈਚਲੇਨ, ਪੀ ਏ ਐੱਮ ਆਰ: donmac@sfu.ca, 604.763.3929

## ਐਂਡਰੀਊ ਪੀਟਰ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਪ੍ਰਧਾਨ ਵਜੋਂ ਨਿਯੁਕਤੀ

ਸਾਈਮਨ ਫਰੇਜ਼ਰ ਯੂਨੀਵਰਸਿਟੀ ਨੇ ਆਪਣੇ ਨੌਵੇਂ ਪ੍ਰਧਾਨ ਅਤੇ ਵਾਈਸ-ਚਾਂਸਲਰ ਵਜੋਂ, ਯੂਨੀਵਰਸਿਟੀ ਆਫ ਵਿਕਟੋਰੀਆ ਦੇ ਫੈਕਲਟੀ ਆਫ ਲਾਅ ਦੇ ਸਾਬਕਾ ਡੀਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਅਟਾਰਨੀ ਜਨਰਲ ਐਂਡਰੀਊ ਪੀਟਰ ਨੂੰ ਨਿਯੁਕਤ ਕੀਤਾ ਹੈ।

ਪੀਟਰ, 56 ਜਿਸ ਦੀ ਨਿਯੁਕਤੀ ਅੰਤਰਰਾਸ਼ਟਰੀ ਭਾਲ ਤੋਂ ਬਾਅਦ ਹੋਈ ਹੈ, 1 ਸਤੰਬਰ ਨੂੰ ਕੈਨੇਡਾ ਦੀ ਸਭ ਤੋਂ ਵਿਆਪਕ ਯੂਨੀਵਰਸਿਟੀ ਦੀ ਵਾਗਡੋਰ ਸਾਂਭੇਗਾ, ਜਦੋਂ ਮੌਜੂਦਾ ਪ੍ਰਧਾਨ ਮੀਛੇਲ ਸਟੀਵਨਸਨ ਦੀ ਦੂਜੀ ਪੰਜ-ਸਾਲਾ ਮਿਆਦ ਮੁੱਕ ਜਾਵੇਗੀ।

ਐੱਸ ਐੱਫ ਯੂ ਬੋਰਡ ਆਫ ਗਵਰਨਰਜ਼ ਦੇ ਚੇਅਰ ਮੀਛੇਲ ਫਰਾਂਸਿਸ ਦਾ ਕਹਿਣਾ ਹੈ ਕਿ ਪੀਟਰ ਯੂਨੀਵਰਸਿਟੀ ਦੇ ਅਧਿਆਪਕ, ਸੰਵਿਧਾਨਕ ਵਿਦਵਾਨ ਅਤੇ ਅਕਾਦਮਿਕ ਪ੍ਰਬੰਧਕ ਅਤੇ ਹੁਣੇ ਹੁਣੇ ਯੂਨੀਵਰਸਿਟੀ ਆਫ ਵਿਕਟੋਰੀਆ ਦੇ ਸਭ ਤੋਂ ਲੰਮਾ ਸਮਾਂ ਰਹਿਣ ਵਾਲੇ ਡੀਨ ਆਫ ਲਾਅ ਵਜੋਂ ਪ੍ਰਧਾਨਗੀ ਲਈ ਪੜ੍ਹਾਈ ਪ੍ਰਤੀ ਜ਼ਿੰਦਗੀ ਭਰ ਦੀ ਪ੍ਰਤਿਬੱਧਤਾ ਲੈ ਕੇ ਆਇਆ ਹੈ।

"ਐੱਸ ਐੱਫ ਯੂ ਦੇ ਨਵੇਂ ਪ੍ਰਧਾਨ ਵਜੋਂ ਐਂਡਰੀਊ ਪੀਟਰ ਦੀ ਨਿਯੁਕਤੀ ਨਾਲ ਸਾਨੂੰ ਬਹੁਤ ਜ਼ਿਆਦਾ ਖੁਸ਼ੀ ਹੋਈ ਹੈ," ਫਰਾਂਸਿਸ ਦਾ ਕਹਿਣਾ ਹੈ। "ਪ੍ਰੋਫੈਸਰ ਪੀਟਰ ਦਾ ਵਿਆਪਕ ਅਕਾਦਮਿਕ ਅਤੇ ਪ੍ਰਬੰਧਕੀ ਤਜਰਬਾ ਅਤੇ ਨਾਲ ਨਾਲ ਬੀ.ਸੀ. ਵਿਚ ਉਸ ਦੀਆਂ ਡੂੰਘੀਆਂ ਜੜ੍ਹਾਂ ਅਤੇ ਪੋਸਟ-ਸੈਕੰਡਰੀ ਪੜ੍ਹਾਈ ਲਈ ਉਸ ਦਾ ਜਜ਼ਬਾ ਉਸ ਨੂੰ ਐੱਸ ਐੱਫ ਯੂ ਨੂੰ ਭਵਿੱਖ ਵਿਚ ਅਗਵਾਈ ਦੇਣ ਦੇ ਬਹੁਤ ਜ਼ਿਆਦਾ ਕਾਬਲ ਬਣਾਉਂਦਾ ਹੈ।"

ਪੀਟਰ ਦਾ ਕਹਿਣਾ ਹੈ ਕਿ ਐੱਸ ਐੱਫ ਯੂ ਦੇ ਅਗਲੇ ਪ੍ਰਧਾਨ ਵਜੋਂ ਚੁਣੇ ਜਾਣ 'ਤੇ ਉਸ ਨੂੰ ਬਹੁਤ ਜ਼ਿਆਦਾ ਮਾਣ ਮਹਿਸੂਸ ਹੋ ਰਿਹਾ ਹੈ।

"ਤਿੰਨ ਵੱਖਰੇ ਕੈਂਪਸਾਂ ਨਾਲ, ਐੱਸ ਐੱਫ ਯੂ ਇਕ ਮੋਹਰੀ ਯੂਨੀਵਰਸਿਟੀ ਹੈ ਜਿਸ ਕੋਲ ਆਪਣੀ ਫੈਕਲਟੀ, ਸਟਾਫ ਅਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਦੁਨੀਆਂ ਵਿਚ ਸਭ ਤੋਂ ਵਧੀਆ ਪ੍ਰਦਾਨ ਕਰਨ ਦੀ ਸਮਰੱਥਾ ਹੈ। ਪ੍ਰਧਾਨ ਵਜੋਂ ਮੇਰਾ ਮੁੱਖ ਟੀਚਾ, ਐੱਸ ਐੱਫ ਯੂ ਦੀ ਨਾ ਮੰਨਣਯੋਗ ਭਿੰਨਤਾ ਅਤੇ ਕੈਨੇਡਾ ਦੀਆਂ ਮੋਹਰੀ ਯੂਨੀਵਰਸਿਟੀਆਂ ਵਿੱਚੋਂ ਇਕ ਹੋਣ ਦੀਆਂ ਮਜ਼ਬੂਤੀਆਂ ਦੇ ਸੁਮੇਲ ਉੱਪਰ ਉਸਾਰੀ ਕਰਨਾ ਹੈ।"

ਪੀਟਰ ਦਾ ਕਹਿਣਾ ਹੈ ਕਿ ਐੱਸ ਐੱਫ ਯੂ ਦੀ ਪੜ੍ਹਾਈ ਅਤੇ ਖੋਜ ਵਿਚ ਉੱਤਮਤਾ ਪ੍ਰਤੀ ਵਚਨਬੱਧਤਾ, ਅਤੇ ਕਮਿਊਨਟੀ ਨਾਲ ਇਸ ਦੇ ਮਜ਼ਬੂਤ ਸਬੰਧ, ਯੂਨੀਵਰਸਿਟੀ ਨੂੰ ਅੱਜ ਦੀਆਂ ਸਮਾਜਿਕ, ਆਰਥਿਕ ਅਤੇ ਵਾਤਾਵਰਣਕ ਚੁਣੌਤੀਆਂ ਪੂਰੀਆਂ ਕਰਨ ਵਿਚ ਮੋਹਰੀ ਬਣਨ ਦੀ ਵਿਲੱਖਣ ਸਮਰੱਥਾ ਪ੍ਰਦਾਨ ਕਰਦੇ ਹਨ।

"ਸਾਡੇ ਸੂਬੇ ਦੀ ਜ਼ਿੰਦਗੀ ਵਿਚ ਪੋਸਟ-ਸੈਕੰਡਰੀ ਪੜ੍ਹਾਈ ਦੇ ਮਹੱਤਵਪੂਰਨ ਰੋਲ ਬਾਰੇ ਮੈਂ ਸਦਾ ਹੀ ਬਹੁਤ ਸ਼ਿੱਦਤ ਨਾਲ ਯਕੀਨ ਕੀਤਾ ਹੈ," ਪੀਟਰ ਦਾ ਕਹਿਣਾ ਹੈ। "ਅਤੇ ਇਸ ਜਜ਼ਬੇ ਨੂੰ ਐੱਸ ਐੱਫ ਯੂ ਵਰਗੀ ਇਕ ਮਹਾਨ ਸੰਸਥਾ ਵਿਚ ਲਿਆਉਣ ਦੀ ਮੈਨੂੰ ਤਾਂਘ ਨਾਲ ਉਡੀਕ ਹੈ, ਜਿਸ ਯੂਨੀਵਰਸਿਟੀ ਕੋਲ ਪੜ੍ਹਾਈ ਨੂੰ ਕਮਿਊਨਟੀ ਨਾਲ ਜੋੜਨ ਦਾ ਇਕ ਮਾਣਮੱਤਾ ਇਤਿਹਾਸ ਹੈ।"

ਐੱਸ ਐੱਫ ਯੂ ਪ੍ਰਧਾਨ ਮੀਛੇਲ ਸਟੀਵਨਸਨ ਦਾ ਕਹਿਣਾ ਹੈ: "ਮੈਨੂੰ ਇਹ ਜਾਣ ਕੇ ਬਹੁਤ ਹੀ ਖੁਸ਼ੀ ਹੋਈ ਹੈ ਕਿ ਐਂਡਰੀਊ ਪੀਟਰ ਮੇਰੀ ਜਗ੍ਹਾ ਐੱਸ ਐੱਫ ਯੂ ਦਾ ਪ੍ਰਧਾਨ ਬਣੇਗਾ। ਉਸ ਦਾ ਅਕਾਦਮਿਕ ਕੈਰੀਅਰ ਮਿਸਾਲੀ ਹੈ, ਅਤੇ ਇਹ ਕੈਨੇਡਾ ਦੇ ਇਕ ਸਭ ਤੋਂ ਵਧੀਆ ਲਾਅ ਸਕੂਲ ਦੇ ਡੀਨ ਵਜੋਂ ਕਾਮਯਾਬ ਕਾਰਜ ਕਾਲ ਨਾਲ ਟੀਸੀ 'ਤੇ ਪੁੱਜਿਆ ਹੈ। ਉਸ ਕੋਲ ਜਨਤਕ ਸੇਵਾ ਦਾ ਵੀ ਇਕ ਪਛਾਣਯੋਗ ਰਿਕਾਰਡ ਹੈ, ਜਿਸ ਵਿਚ ਉਸ ਕੋਲ ਬ੍ਰਿਟਿਸ਼ ਕੋਲੰਬੀਆ ਵਿਚ ਐੱਮ ਐੱਲ ਏ ਵਜੋਂ ਆਪਣੇ 10 ਸਾਲਾਂ ਦੇ ਸਮੇਂ ਵਿਚ ਵੱਡੇ ਕੈਬਨਿਟ ਪੋਰਟਫੋਲੀਓ ਰਹੇ ਹਨ।

"ਉਹ ਅਜਿਹੀ ਯੂਨੀਵਰਸਿਟੀ ਦੀ ਅਗਵਾਈ ਕਰਨ ਲਈ ਸ਼ਲਾਘਾਯੋਗ ਤਰੀਕੇ ਨਾਲ ਢੁਕਵਾਂ ਹੈ ਜਿਸ ਦੀ ਅਕਾਦਮਿਕ ਉੱਤਮਤਾ ਅਤੇ ਕਮਿਊਨਟੀ ਨੂੰ ਸਰਵਿਸ ਦੇ ਖੇਤਰਾਂ ਵਿਚ ਇਕ ਮਾਣਮੱਤਾ ਇਤਿਹਾਸ ਹੈ। ਮੈਨੂੰ ਪਤਾ ਹੈ ਕਿ ਉਹ ਐੱਸ ਐੱਫ ਯੂ ਦੀ ਵਿਲੱਖਣ ਭਾਵਨਾ ਤੋਂ ਤਾਜ਼ਾ ਦਮ ਹੋਵੇਗਾ ਅਤੇ ਯੂਨੀਵਰਸਿਟੀ ਉਸ ਦੀ ਅਗਵਾਈ ਹੇਠ ਉੱਨਤੀ ਕਰੇਗੀ।"

2002 ਤੋਂ 2008 ਤੱਕ ਯੂਵਿਕ ਦੇ ਲਾਅ ਡੀਨ ਵਜੋਂ ਪੀਟਰ ਨੇ ਇਕ ਨਵੀਨ ਗਰੈਜੂਏਟ ਲਾਅ ਪ੍ਰੋਗਰਾਮ ਦੀ ਸਥਾਪਤੀ ਦੀ ਦੇਖਰੇਖ ਕੀਤੀ, ਮਹੱਤਵਪੂਰਨ ਐਬਰਿਜਨਲ ਉੱਦਮਾਂ ਨੂੰ ਹੱਥ ਵਿਚ ਲਿਆ ਜਿਵੇਂ ਕਿ ਨੈਸ਼ਨਲ ਐਬਰਿਜਨਲ ਇਕਨੌਮਿਕ ਡਿਵੈਲਪਮੈਂਟ ਚੇਅਰ ਦੀ ਸਥਾਪਤੀ ਅਤੇ ਨੂਨਾਵੂਟ ਵਿਚ ਅਕਿਟਸੀਰਾਕ ਲਾਅ ਸਕੂਲ ਦਾ ਵਿਕਾਸ ਅਤੇ ਵੱਡੇ ਫੈਕਲਟੀ ਅਪਗਰੇਡ ਕੀਤੇ।

ਆਪਣੇ ਵਿਦਿਅਕ ਕੰਮ ਕਾਜ ਤੋਂ ਇਲਾਵਾ, ਪੀਟਰ ਤੇਜ਼ ਤੁਰਨ ਵਾਲਾ, ਸਾਈਕਲਿਸਟ ਅਤੇ ਕਲਾ ਪ੍ਰੇਮੀ ਹੈ ਅਤੇ ਉਹ ਜਾਰੀ ਰਹਿਣ ਯੋਗ ਕਮਿਊਨਟੀਆਂ ਨੂੰ ਵਿਕਸਿਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। 2002 ਵਿਚ, ਉਸ ਨੂੰ, ਸੇਂਟ ਐਨਜ਼ ਅਕੈਡਮੀ ਦੀ ਬਹਾਲੀ, ਪਾਰਕਾਂ ਨੂੰ ਵਧਾਉਣ, ਅਤੇ ਗੈਲੋਪਿੰਗ ਗੂਸ ਅਤੇ ਲੋਚਸਾਈਡ ਟਰੇਲ ਸਿਸਟਮਾਂ ਦੇ ਵਿਕਾਸ ਜੋ ਕਿ ਸੂਕ ਤੋਂ ਵਿਕਟੋਰੀਆ ਤੋਂ ਸਿਡਨੀ ਤੱਕ ਦਾ 100 ਕਿਲੋਮੀਟਰ ਨਾਲੋਂ ਵੀ ਜ਼ਿਆਦਾ ਦੂਰੀ ਦਾ ਤੁਰਨ, ਦੌੜਨ ਅਤੇ ਸਾਈਕਲ ਚਲਾਉਣ ਲਈ ਇਕ ਨੈੱਟਵਰਕ ਹੈ, ਲਈ ਕੀਤੇ ਉਸ ਦੇ ਕੰਮਾਂ ਲਈ ਸਿਟੀ ਆਫ ਵਿਕਟੋਰੀਆ ਦਾ ਆਨਰੇਰੀ ਸਿਟੀਜ਼ਨ ਐਲਾਨਿਆ ਗਿਆ।

. ਫੋਟੋਆਂ ਔਨਲਾਈਨ: http://www.flickr.com/photos/sfupamr
. ਵੀਡਿਓ ਕਲਿੱਪ ਔਨਲਾਈਨ: http://www.youtube.com/sfunews

***ਨੋਟ:*** *ਡਾਕਟਰ ਪੀਟਰ, ਅੱਜ, ਬੁੱਧਵਾਰ ਨੂੰ ਸਵੇਰ ਦੇ 8:30 ਵਜੇ ਤੋਂ ਐੱਸ ਐੱਫ ਯੂ ਹਾਰਬਰ ਸੈਂਟਰ (515 ਵੈੱਸਟ ਹੇਸਟਿੰਗਜ਼ ਸਟਰੀਟ) 'ਤੇ ਡਾਊਨਟਾਊਨ ਵੈਨਕੂਵਰ ਵਿਚ ਮੀਡੀਏ ਲਈ ਮੌਜੂਦ ਹੋਵੇਗਾ। ਪਰ ਵੀਰਵਾਰ ਨੂੰ ਉਸ ਦੇ ਰੁਝੇਂਵੇਂ ਵਿਕਟੋਰੀਆ ਵਿਚ ਹਨ ਜਿਸ ਦਾ ਮਤਲਬ ਹੈ ਕਿ ਉਸ ਨੂੰ ਅੱਜ ਰਾਤ ਵਾਪਸ ਜਾਣਾ ਪਵੇਗਾ।*
*ਜੇ ਤੁਸੀਂ ਅੱਜ ਉਸ ਨਾਲ ਗੱਲ ਕਰਨਾ ਚਾਹੁੰਦੇ ਹੋਵੋ ਤਾਂ ਡੌਨ ਮੈਕਲੈਚਲੇਨ ਨੂੰ 604-763-3929 'ਤੇ ਜਾਂ ਫੀਓਨਾ ਬੁਰੋਜ਼ ਨੂੰ 604-812-9949* 'ਤੇ ਫੋਨ ਕਰੋ ਅਤੇ ਅਸੀਂ ਤੁਹਾਡੀ ਗੱਲ ਕਰਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ।

*ਐੱਸ ਐੱਫ ਯੂ ਦੇ ਪ੍ਰਧਾਨ ਮੀਛੇਲ ਸਟੀਵਨਸਨ ਨਾਲ ਵੀ 778.782.4557 ’ਤੇ ਅਤੇ ਐੱਸ ਐੱਫ ਯੂ ਬੋਰਡ ਆਫ ਗਵਰਨਰਜ਼ ਦੇ ਚੇਅਰ ਮੀਛੇਲ ਫਰਾਂਸਿਸ ਨਾਲ ਵੀ ਗੱਲ ਕੀਤੀ ਜਾ ਸਕਦੀ ਹੈ। ਫਰਾਂਸਿਸ ਨਾਲ ਦੁਪਹਿਰ 12 ਵਜੇ ਤੋਂ ਬਾਅਦ 604-619-6538 ’ਤੇ ਗੱਲ ਕੀਤੀ ਜਾ ਸਕਦੀ ਹੈ।*